# ਮੁਸਤਫ਼ਾ ਸਗੀਰ

G. 44
764

BOOK DEPOT & AKAL AGENCY
BHOWANIPORE
CALCUTTA.
20-A, Ashutosh Mukerjee Road

'ਕਵੀ ਪ੍ਰੈਸ' ਕਲਕੱਤਾ

੧ ਓ ਸ੍ਰੀ ਅਕਾਲ ਜੀ ਸਹਾਇ ॥

# ਕਾਂਡ ੧

੯ ਜੂਨ ੧੯੨੦ ਦੀ ਰਾਤ ਹੈ। ਸ਼ਹਿਰ ਕਸਤੁਨ-ਤੁਨੀਆਂ ਉਤੇ ਨ੍ਹੇਰ ਘੁਪ ਤੇ ਡਰ ਰੁਬ ਦਾ ਪਹਿਰਾ ਹੈ। ਸ਼ਹਿਰ ਦੇ ਵਸਨੀਕ ਘਰਾਂ ਵਿਚਿ ਸਹਿਮੇ ਹੋਏ ਹਨ । ਕਿਸੇ ਨੂੰ ਭੀ ਬਾਹਰ ਨਿਕਲਨ ਦਾ ਹੌਂਸਲਾ ਨਹੀਂ ਪੈਂਦਾ, ਕਿਉਂਕਿ ਉਨਾਂ ਫੌਜੀ ਕਨੂਨਾਂ ਦੇ ਸਬਬ ਜਿਨ੍ਹਾਂ ਨੂੰ ਓਥੇ ਰਹਿਣ ਵਾਲੀ ਅੰਗ੍ਰੇਜ਼ੀ ਫੌਜ ਦੇ ਵਡੇ ਅਫਸਰ ਨੇ ਅਸਲਾਮ ਦੇ ਸ਼ਾਹੀ ਸ਼ਹਿਰ ਵਿਚਿ ਜਾਰੀ ਕਰ ਰਖਿਆ ਹੈ । "ਨੌਂ ਬਜੇ ਰਾਤ ਦੇ ਪਿਛੋਂ ਸਾਧਾਰਨ ਬਾਹਰ ਫਿਰਨ ਅਤੇ ਚਾਹਖਾਨੇ, ਹੋਟਲਾਂ ਆਦਿਕ ਵਿਚਿ ਜਮਾ ਹੋਣ ਦੀ ਲੋਕਾਂ ਨੂੰ ਸਖਤ ਬੰਦਸ਼ ਹੈ" ।

ਕਸਤੁਨਤੁਨੀਆਂ ਵਿਚ ਰਹਿਨ ਵਾਲੀ ਅੰਗ੍ਰੇਜ਼ੀ ਫੌਜ ਦੇ ਵਡੇ ਅਫਸਰ ਨੇ ਉਪਰ ਲਿਖਿਆ ਕਨੂੰਨ ਇਸ ਲਈ ਜਾਰੀ ਕੀਤਾ ਹੈ, ਕਿ ਕਸਤੁਨਤੁਨੀਆਂ ਦੇ ਵਸਨੀਕ ਚੋਰ ਸਭਾਵਾਂ (ਖੁਫੀਆ ਮੀਟਿੰਗ) ਤੇ ਕੋਈ ਸਾਜ਼ਸ਼ ਨਾ ਕਰ

ਸਕਨ। ਚੋਰ ਸਭਾਵਾਂ ਅਤੇ ਸਾਜ਼ਸ਼ਾਂ ਦਾ ਡਰ ਇਸ ਖਿਆਲ ਕਰਕੇ ਹੋਰ ਭੀ ਵਧ ਗਿਆ ਸੀ, ਕਿ ਇਨ੍ਹਾਂ ਦਿਨਾਂ ਵਿਚਿ ਆਸਤਾਨਾ (ਕਸਤੁਨਤੁਨੀਆਂ) ਲੜਾਈ ਝਗੜੇ ਦਾ ਘਰ ਬਣ ਰਿਹਾ ਸੀ, ਅਤੇ ਅੰਗ੍ਰੇਜ਼ ਇਸ ਕਰਕੇ ਬਹੁਤ ਹੀ ਡਰਦੇ ਸਨ, ਕਿ ਕਿਤੇ ਕਮਾਲੀਆਂ (ਅੰਗੋਰਾ ਦੇ ਆਜ਼ਾਦ ਤੁਰਕਾਂ) ਨੂੰ ਉਨ੍ਹਾਂ ਦੇ ਖਿਆਲ ਤੇ ਚਾਹ ਦੇ ਮੁਤਾਬਕ ਆਸਤਾਨਾ ਵਿਚਿ ਸਫਲਤਾ ਦਾ ਸਮਾਂ ਨਾ ਮਿਲ ਜਾਵੇ, ਅਤੇ ਉਹ ਆਸਤਾਨਾ ਵਿਚਿ ਜਿਥੇ ਦੇਸ਼ ਭਗਤਾਂ ਦੀ ਗਿਣਤੀ ਵਧੀਕ ਹੈ ਤੇ ਆਮ ਲੋਕੀ ਉਨ੍ਹਾਂ ਦੇ ਇਸ਼ਾਰਿਆਂ ਤੇ ਚਲ ਰਹੇ ਹਨ-'ਗਦਰ' ਨਾ ਕਰ ਦੇਣ।

ਇਸ ਵੇਲੇ ਸ਼ਹਿਰ ਆਸਤਾਨਾ ਦੇ ਲੰਮੇ ਚੌੜੇ ਰੌਣਕ ਭਰੇ ਬਾਜ਼ਾਰ ਰਸਤੇ ਅਤੇ ਸੜਕਾਂ ਬਿਲਕੁਲ ਖਾਲੀ ਹਨ, ਕੇਵਲ ਇਤਹਾਦੀ ਫੋਜ ਦੇ ਕੁਛਕੁ ਸਿਪਾਹੀ ਏਧਰ ਓਧਰ ਟਹਲ ਰਹੇ ਹਨ। ਉਸ ਆਮ ਰਾਹ ਤੇ ਜੇੜਾ 'ਸਰਕਜ਼ੀ' ਤੇ 'ਫਾਤਹ' ਤਾਈਂ ਮੁਸਲਮਾਨਾਂ ਦੇ ਮੁਹੱਲਿਆਂ ਨੂੰ ਬਹਿਰਾ (ਸਾਗਰ) ਮਾਰ-ਮੂਰਾ ਦੇ ਕੰਢਿਆਂ ਦੇ ਨਾਲਿ ਨਾਲਿ ਚਲਾ ਗਿਆ ਹੈ 'ਦੌਲ ਹਲਫਾ' ਦੀ ਫੌਜ ਦੀਆਂ ਛੋਟੀਆਂ ਛੋਟੀਆਂ ਟੋਲੀਆਂ ਪਸਰੀਆਂ ਪਈਆਂ ਹਨ. ਜੋ ਅਮਨ ਦੇ ਰਾਖੇ ਹਨ, ਉਨਾਂ ਵਿਚੋਂ ਪਹਿਲਾ ਹਿਸਾ ਇਟਲੀ ਅਤੇ ਫਰਾਂਸੀਸੀ ਫੋਜ ਦਾ ਹੈ। ਉਨ੍ਹਾਂ ਮਹੱਲਿਆਂ ਵਿਚਿ ਜੋ 'ਗ਼ਲਤ' ਦੇ ਪੁਲ ਤੇ



'ਪੈਰਾ' (ਬਕ ਉਗਲੀ) ਤਾਈਂ ਚਲੇ ਗਏ ਹਨ ਅੰਗ੍ਰੇਜ਼ੀ ਤੇ ਯੂਨਾਨੀ ਸਿਪਾਹੀ ਮਹੱਲਿਆਂ ਤੇ ਗਲੀਆਂ ਕੂਚਿਆਂ ਵਿਚ ਗਸ਼ਤ ਲਗਾ ਰਹੇ ਹਨ।

ਇਨ੍ਹਾਂ ਅਭਾਗੇ ਦਿਨਾਂ ਵਿਚਿ ਜੇ ਕੋਈ ਸੈਰ ਕਰਨ ਵਾਲਾ ਆਦਮੀ ਤੁਰਕਾਂ ਦੇ ਇਸ ਅਦੁਤੀ ਸ਼ਹਿਰ ਵਿਚਿ ਫੇਰਾ ਪਾਵੇ ਅਤੇ ਆਪਨੀਆਂ ਅਖਾਂ ਨਾਲਿ ਅਜੇਹੇ ਡਰਾਉਨੇ ਨਜ਼ਾਰਿਆਂ ਨੂੰ ਦੇਖੇ, ਤੇ ਹੋ ਨਹੀਂ ਸਕਦਾ ਕਿ ਉਹ ਖਿਆਲਾਂ ਦੇ ਅਸਰ ਹੇਠਾਂ ਆਕੇ ਠੰਡੀ ਆਹ ਭਰਕੇ ਚਾਰ ਹੰਜੂ ਕੇਰੇ ਬਿਨਾ ਰਹਿ ਸਕੇ। ਉਹ ਆਲੀਸ਼ਾਨ ਮਹਿਲ ਮੁਨਾਰੇ ਅਤੇ ਸ਼ਾਨਦਾਰ ਇਮਾਰਤਾਂ ਜੋ ਪੂਰਬੀ ਤੇ ਪੱਛਮੀ (ਏਸ਼ੀਆਈ ਤੇ ਯੂਰਪੀ) ਦੋਹਾਂ ਕਿਨਾਰਿਆਂ ਉਤੇ ਹਨ ਅਜ ਕਲ ਅਜੇਹੇ ਕਬਰਸਤਾਨ ਵਾਂਗੂ ਦਿਖਾਈ ਦਿੰਦੀਆਂ ਹਨ, ਜੋ ਡਰਾਉਣੀ ਸ਼ਕਲਾਂ ਤੇ ਭਯਾਨਕ ਖਿਆਲਾਂ ਨਾਲ ਭਰਿਆ ਹੋਇਆ ਹੋਵੇ। ਜੇ ਕੋਈ ਆਦਮੀ ਇਸ ਲੰਮੇ ਚੌੜੇ ਇਲਾਕੇ ਵਿਚਿ ਖੜਾ ਹੋਕੇ ਸੁਣੇ ਤਾਂ ਉਸਨੂੰ ਸਿਵਾਏ ਉਨ੍ਹਾਂ ਸਰੂ ਦੇ ਰੁਖਾਂ ਦੀ ਸਰ ਸਰਾਹਟ ਦੇ ਜੋ ਦਰਯਾ ਦੇ ਕੰਢੇ ਤੇ ਨੇੜੇ ਨੇੜੇ ਦੇ ਮਹੱਲਿਆਂ ਤੇ ਬਾਗਾਂ ਵਿਚਿ ਬਹੁਲਤਾ ਨਾਲਿ ਖੜੇ ਹਨ, ਕੋਈ ਆਵਾਜ਼ ਨਾ ਸੁਣੇ। ਅਜੇਹੀ ਨ੍ਹੇਰ ਘੁਪ ਸੁਨਸਾਨ ਤੇ ਚੁਪ ਚਾਪ ਰਾਤ ਵਿਚਿ ਸਰੂ ਦੇ ਕੋਠੀਆਂ ਤੇ ਮਹੱਲਾਂ ਵਿਚਿ ਖੜੇ ਦਰਖਤ ਅਜੇਹੇ ਡਰਾਉਨੇ ਮਲੂਮ ਹੁੰਦੇ ਹਨ, ਜਾਣੀ

## TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.